# ਸ਼ੇਖ ਫ਼ਰੀਦ - ਸਬਦ ੨੩

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੮

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥

ਸਾਰ: ਬਾਹਰੀ ਸਰੋਤਾਂ ਦੀ ਵਧੇਰੇ ਨਿਰਭਰਤਾ ਸਾਨੂੰ ਸਾਡੇ ਅਸਲ ਮੂਲ ਤੱਤ ਨਾਲ ਬਹੁਤ ਘੱਟ ਜੋੜਦੀ ਹੈ। ਇਹ ਦਰਸ਼ਨ ਬਾਹਰੀ ਕਰਮ-ਕਾਂਡੀ ਰਸਮਾਂ ਦੀ ਆਲੋਚਨਾ ਕਰਦਾ ਹੋਇਆ, ਸਵੈ ਪੜਚੋਲਤਾ, ਜਾਗਰੂਕਤਾ ਅਤੇ ਅੰਦਰੂਨੀ ਸਥਿਰਤਾ ਨੂੰ ਉਤਸ਼ਾਹਿਤ ਕਰਦਾ ਹੈ। ਇਹ ਸਰੀਰਕ ਤਪ ਅਤੇ ਇਕਾਂਤ ਵਿਚ ਦੈਵੀਤਵ ਦੀ ਭਾਲ ਕਰਨ ਦੇ ਵਿਚਾਰ ਨੂੰ ਚੁਣੌਤੀ ਦਿੰਦਾ ਹੈ। ਜੋ ਅਸੀਂ ਬਾਹਰੇ ਭਾਲਦੇ ਹਾਂ ਉਹ ਸਾਡੀ ਚੇਤਨਾ ਦੇ ਅੰਦਰ ਵਸਦਾ ਹੈ, ਜਿਸਨੂੰ ਆਪਣੀ ਧਾਰਨਾ ਨੂੰ ਰੁਪਾਂਤ੍ਰਿਤ ਕਰ ਪਛਾਣਿਆ ਜਾ ਸਕਦਾ ਹੈ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਫਰੀਦ ਕਹਿੰਦੇ ਹਨ ਕਿ ਕੰਡਿਆਲੇ ਰੁੱਖਾਂ ਵਿਚੋਂ ਲੰਘਦੇ ਹੋਏ ਇੱਕ ਜੰਗਲ ਤੋਂ ਦੂਜੇ ਜੰਗਲ ਵਿਚ ਕਿਉਂ ਭਟਕਣਾ ਹੈ? ਇਹ ਦ੍ਰਿਸ਼ਟਾਂਤ ਵਿਸ਼ਵਵਿਆਪੀ ਸ਼ਕਤੀ ਦੀ ਭਾਲ ਵਿਚ ਉਦੇਸ਼ਹੀਣ ਭਟਕਣ, ਇਕੱਲਤਾ ਅਤੇ ਸਰੀਰਕ ਕਸ਼ਟ ਨੂੰ ਚੁਣੌਤੀ ਦਿੰਦਾ ਹੈ।

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥
ਸਰਵ ਵਿਆਪਕ ਊਰਜਾ ਸਾਡੀ ਚੇਤਨਾ ਵਿਚ ਨਿਵਾਸ ਕਰਦੀ ਹੈ, ਇਸਨੂੰ ਜੰਗਲ ਵਿਚ ਕਿਉਂ ਭਾਲਣਾ? ਇਹ ਅੰਦਰੂਨੀ ਜਾਗ੍ਰਿਤੀ ਤੋਂ ਬਿਨਾਂ ਬਾਹਰੀ ਭਟਕਣ ਦੀ ਵਿਅਰਥਤਾ ਦਾ ਪ੍ਰਤੀਕ ਹੈ। (੧੯)

ਤੱਤ: ਸੇਖ ਫਰੀਦ ਰੂਹਾਨੀਅਤ ਦੇ ਖੋਜੀ ਨੂੰ ਭਰਮ ਤੋਂ ਜਾਗਰੂਕਤਾ ਵੱਲ ਸੇਧਿਤ ਕਰਦੇ ਹਨ। ਇਕ ਜੰਗਲ ਤੋਂ ਦੂਜੇ ਜੰਗਲ ਵਿਚਲੀ ਭਟਕਣਾਂ, ਵਿਭਿੰਨ ਵਿਚਾਰਾਂ ਦੀ ਰਾਹਨੁਮਾਈ ਕਰਨ ਦੀ ਪ੍ਰਤੀਕ ਹੈ। ਕੰਡੇ ਹਉਮੈ ਅਤੇ ਦਵੈਤ ਦਾ ਰੂਪ ਹਨ। ਉਹ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਜਾਗਰੂਕਤਾ ਰਸਮੀ ਸਵੈ-ਤਿਆਗ

ਵਿਚ ਨਹੀਂ ਹੈ। ਬਲਕਿ, ਇਹ ਸਾਨੂੰ ਖੁਦ ਨਾਲ ਬੈਠਣ, ਆਪਣੇ ਵਿਚਾਰਾਂ ਦਾ ਸਾਹਮਣਾ ਕਰਨ ਅਤੇ ਸਾਡੇ ਅੰਦਰ ਵਸਦੀ ਸਦ ਹਾਜ਼ਰ ਜਾਗਰੂਕਤਾ ਨੂੰ ਪਛਾਣਨ ਵਿਚ ਹੈ, ਜੋ ਸਮੁਚੇ ਜੀਵਨ ਵਿਚ ਰਮੀ ਹੋਈ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**